# ਖਾਲੀ ਘਰਾਂ ‘ਤੇ ਟੈਕਸ ਨੂੰ ਸਮਝਣਾ

CITY OF VANCOUVER

重要說明: 此消息包含有關房屋空置稅 [Empty Homes Tax] 的信息。有關翻譯文本或更多信息, 請訪問: **vancouver.ca/eht**

ਮਹੱਤਵਪੂਰਣ: ਇਸ ਨੋਟਿਸ ਵਿੱਚ ਖਾਲੀ ਘਰਾਂ ‘ਤੇ ਟੈਕਸ [Empty Homes Tax] ਬਾਰੇ ਜਾਣਕਾਰੀ ਸ਼ਾਮਲ ਹੈ। ਅਨੁਵਾਦਾਂ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵੇਖੋ: **vancouver.ca/eht**

QUAN TRỌNG: Thông báo này có thông tin về Thuế Nhà Bỏ Trống [Empty Homes Tax]. Để có bản dịch hoặc biết thêm thông tin, xin vui lòng truy cập: **vancouver.ca/eht**

IMPORTANTE: Ito ay naglalaman ng impormasyon sa Buwis sa Bahay na Walang Nakatira [Empty Homes Tax]. Para sa mga salin sa Tagalog o para sa karagdagang impormasyon, bisitahin ang: **vancouver.ca/eht**

## ਨੋਟਿਸ:
## 2021 ਟੈਕਸ ਸਾਲ ਲਈ ਖਾਲੀ ਘਰਾਂ ‘ਤੇ ਟੈਕਸ ਦੀ ਦਰ 1.25% ਤੋਂ ਵੱਧ ਕੇ 3% ਹੋ ਗਈ ਹੈ

## ਮਹੱਤਵਪੂਰਨ ਜਾਣਕਾਰੀ

- ਵੈਨਕੂਵਰ ਦੇ ਘਰਾਂ ਦੇ ਮਾਲਕਾਂ ਨੂੰ ਇਹ ਨਿਰਧਾਰਤ ਕਰਨ ਲਈ ਕਿ ਉਨ੍ਹਾਂ ਦੀ ਪ੍ਰਾਪਰਟੀ ਖਾਲੀ ਘਰਾਂ ‘ਤੇ ਟੈਕਸ ਦੇ ਅਧੀਨ ਆਉਂਦੀ ਹੈ ਜਾਂ ਨਹੀਂ, ਹਰ ਸਾਲ ਇੱਕ ਐਲਾਨ ਜਮ੍ਹਾਂ ਕਰਾਉਣ ਦੀ ਲੋੜ ਹੁੰਦੀ ਹੈ।
- **ਐਲਾਨ ਕਰਨ ਦੀ ਆਖਰੀ ਮਿਤੀ 2 ਫਰਵਰੀ 2022 ਹੈ।**. ਨਿਯਤ ਮਿਤੀ ਤੱਕ ਐਲਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਤੁਹਾਡੀ ਪ੍ਰਾਪਰਟੀ ਨੂੰ ਖਾਲੀ ਸਮਝਿਆ ਜਾਵੇਗਾ ਅਤੇ ਇਹ ਇਸਦੇ ਮੁਲਾਂਕਣ ਕੀਤੇ ਟੈਕਸਯੋਗ ਮੁੱਲ ਦੇ 3% ਟੈਕਸ ਅਤੇ $250 ਉਪ-ਕਾਨੂੰਨ ਟਿਕਟ ਦੇ ਅਧੀਨ ਹੋਵੇਗੀ।

## ਆਪਣੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਕਿਵੇਂ ਕਰਨਾ ਹੈ

1. **vancouver.ca/eht-declare** ‘ਤੇ ਜਾਓ।
2. **“Submit declaration”** (ਐਲਾਨ ਜਮ੍ਹਾਂ ਕਰੋ) ‘ਤੇ ਕਲਿੱਕ ਕਰੋ।
3. ਆਪਣਾ Folio number (ਫੋਲੀਓ ਨੰਬਰ) ਅਤੇ Access code (ਐਕਸੈਸ ਕੋਡ) ਦਾਖਲ ਕਰੋ (ਤੁਹਾਨੂੰ ਇਹ ਤੁਹਾਡੇ ਟੈਕਸ ਨੋਟਿਸ ਦੇ ਅਗਲੇ ਪਾਸੇ ਮਿਲ ਸਕਦਾ ਹੈ)।
4. ਆਪਣੇ ਸੰਪਰਕ ਵੇਰਵੇ ਪਾਓ ਅਤੇ ਆਪਣੀ ਪ੍ਰਾਪਰਟੀ ਦੀ ਸਥਤਿ ਚੁਣੋ। ਤੁਹਾਨੂੰ ਵਧੀਕ ਜਾਣਕਾਰੀ ਮੁਹੱਈਆ ਕਰਨ ਦੀ ਲੋੜ ਹੋ ਸਕਦੀ ਹੈ (ਵੇਰਵਿਆਂ ਲਈ ਇਸ ਪਰਚੇ ਦੇ ਪਛਿਲੇ ਪਾਸੇ ਵੇਖੋ)।
5. ਆਪਣੇ ਐਲਾਨ ਦੀ ਸਮੀਖਿਆ ਕਰੋ।
6. ਆਪਣਾ ਐਲਾਨ ਜਮ੍ਹਾਂ ਕਰਨ ਲਈ **“Declare”** (ਐਲਾਨ ਕਰੋ) ‘ਤੇ ਕਲਿੱਕ ਕਰੋ।
7. ਤੁਹਾਨੂੰ ਈਮੇਲ ਦੁਆਰਾ ਆਪਣੇ ਐਲਾਨ ਦੀ ਪੁਸ਼ਟੀ ਪ੍ਰਾਪਤ ਹੋਵੇਗੀ। ਤੁਸੀਂ ਕਿਸੇ ਹੋਰ ਨੂੰ ਆਪਣੀ ਤਰਫ਼ੋਂ ਐਲਾਨ ਜਮ੍ਹਾਂ ਕਰਨ ਦੀ ਇਜਾਜ਼ਤ ਦੇ ਸਕਦੇ ਹੋ।

## ਜੇਕਰ ਤੁਹਾਨੂੰ ਇੱਕ ਆਡਿਟ ਲਈ ਚੁਣਿਆ ਜਾਂਦਾ ਹੈ

- ਤੁਹਾਨੂੰ ਸਾਡੇ ਵੱਲੋਂ ਹਦਾਇਤਾਂ ਦੇ ਨਾਲ ਸੂਚਨਾ ਪ੍ਰਾਪਤ ਹੋਵੇਗੀ ਕਿ ਤੁਹਾਨੂੰ ਕਿਹੜੇ ਸਬੂਤ ਮੁਹੱਈਆ ਕਰਨ ਦੀ ਲੋੜ ਹੋਵੇਗੀ।
- ਆਡਿਟ ਪ੍ਰਕਿਰਿਆ ਦੇ ਸਮੇਂ ਵੱਖ-ਵੱਖ ਹੁੰਦੇ ਹਨ, ਅਤੇ ਗਾਇਬ ਜਾਂ ਗਲਤ ਸਬੂਤ ਕਰਕੇ ਪ੍ਰਕਿਰਿਆ ਵਿੱਚ ਦੇਰੀ ਹੋ ਸਕਦੀ ਹੈ। ਤੁਸੀਂ ਉਸ ਟੈਕਸ ਸਾਲ ਲਈ ਪੂਰੇ ਰਿਕਾਰਡ ਪ੍ਰਦਾਨ ਕਰਕੇ, ਜਿਸ ਲਈ ਆਡਿਟ ਲਾਗੂ ਹੁੰਦਾ ਹੈ, ਦੇਰੀ ਤੋਂ ਬਚਣ ਵਿੱਚ ਮਦਦ ਕਰ ਸਕਦੇ ਹੋ।
- ਐਲਾਨਾਂ ਦੀ ਵੈਧਤਾ ਨਿਰਧਾਰਤ ਕਰਨ ਅਤੇ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ, ਪ੍ਰਾਪਰਟੀ ਦੀ ਸਥਿਤੀ ਦੇ ਸਾਰੇ ਐਲਾਨ ਸੰਭਾਵੀ ਤੌਰ ‘ਤੇ ਇੱਕ ਆਡਿਟ ਦੇ ਅਧੀਨ ਹੁੰਦੇ ਹਨ।
- ਆਡਿਟਾਂ ਦੀ ਚੋਣ ਸੂਬਾਈ ਅਤੇ ਫੈਡਰਲ ਟੈਕਸ ਪ੍ਰੋਗਰਾਮਾਂ ਲਈ ਸਭ ਤੋਂ ਵਧੀਆ ਅਭਿਆਸਾਂ ਦੇ ਅਨੁਸਾਰ, ਨਮੂਨਾ ਵਿਧੀਆਂ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ।
- **vancouver.ca/eht** ‘ਤੇ ਹੋਰ ਜਾਣੋ

## ਆਪਣੇ ਐਡਵਾਂਸ ਟੈਕਸ ਨੋਟਿਸ ਦਾ ਭੁਗਤਾਨ ਕਰਨਾ

- ਕਿਰਪਾ ਕਰਕੇ ਆਪਣੇ ਭੁਗਤਾਨ ਆਨਲਾਈਨ ਜਾਂ ਡਾਕ ਦੁਆਰਾ ਕਰੋ। ਵਿਅਕਤੀਗਤ ਤੌਰ ‘ਤੇ ਭੁਗਤਾਨ ਤੁਹਾਡੇ ਸਥਾਨਕ ਬੈਂਕ ਜਾਂ ਸਿਟੀ ਹਾਲ ਵਿਖੇ ਕੀਤੇ ਜਾ ਸਕਦੇ ਹਨ। ਕਿਰਪਾ ਕਰਕੇ ਸਿਟੀ ਹਾਲ ਤੱਕ ਪਹੁੰਚ ਬਾਰੇ ਤਾਜ਼ਾ ਵੇਰਵਿਆਂ ਲਈ **vancouver.ca/contact** ਦੇਖੋ ਜਾਂ **3-1-1** ‘ਤੇ ਕਾਲ ਕਰੋ।
- ਆਨਲਾਈਨ ਭੁਗਤਾਨਾਂ ਲਈ ਆਪਣੇ ਬੈਂਕ ਦਾ ਟ੍ਰਾਂਜੈਕਸ਼ਨ ਕੱਟ-ਆਫ ਸਮਾਂ ਜਾਣੋ। ਕੱਟ-ਆਫ ਸਮੇਂ ਤੋਂ ਪਹਿਲਾਂ ਕੀਤੀ ਗਈ ਟ੍ਰਾਂਜੈਕਸ਼ਨ ‘ਤੇ ਉਸੇ ਦਿਨ ਕਾਰਵਾਈ ਕੀਤੀ ਜਾਵੇਗੀ। ਕੱਟ-ਆਫ ਟਾਈਮ ‘ਤੇ ਜਾਂ ਇਸ ਤੋਂ ਬਾਅਦ ਕੀਤੀ ਗਈ ਟ੍ਰਾਂਜੈਕਸ਼ਨ ‘ਤੇ ਅਗਲੇ ਕਾਰੋਬਾਰੀ ਦਿਨ ‘ਤੇ ਕਾਰਵਾਈ ਕੀਤੀ ਜਾਵੇਗੀ।

ਵੈਨਕੂਵਰ ਦਾ ਖਾਲੀ ਘਰਾਂ ‘ਤੇ ਟੈਕਸ, ਸੂਬਾਈ ਸਰਕਾਰ ਦੇ ਸਪੈਕੂਲੇਸ਼ਨ ਐਂਡ ਵੈਕੇਂਸੀ ਟੈਕਸ (Speculation and Vacancy Tax) ਤੋਂ ਵੱਖਰਾ ਹੈ; ਸੂਬੇ ਦੇ ਟੈਕਸ ਸੰਬੰਧੀ ਪੁੱਛਗਿੱਛ ਇੱਥੋਂ ਕੀਤੀ ਜਾ ਸਕਦੀ ਹੈ:

**gov.bc.ca/spectax** ਜਾਂ **1-833-554-2323** ‘ਤੇ ਕਾਲ ਕਰਕੇ

**ਆਨਲਾਈਨ ਸਾਈਨ-ਅੱਪ ਕਰੋ**

ਇੱਕ ਆਨਲਾਈਨ ਟੈਕਸ ਸੇਵਾਵਾਂ ਖਾਤੇ ਦੇ ਨਾਲ ਤੁਸੀਂ ਆਪਣਾ ਅਗਲਾ ਬਿੱਲ/ਨੋਟਿਸ ਈਮੇਲ ਦੁਆਰਾ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ, ਆਪਣੇ ਖਾਤੇ ਦੇ ਬਕਾਏ ਦੀ ਜਾਂਚ ਕਰ ਸਕਦੇ ਹੋ ਅਤੇ ਹੋਰ ਕਈ ਕੁਝ ਕਰ ਸਕਦੇ ਹੋ। ਅੱਜ ਹੀ **vancouver.ca/tax** ‘ਤੇ ਸਾਈਨ-ਅੱਪ ਕਰੋ

©2021 City of Vancouver 21-175 | Punjabi

# ਖਾਲੀ ਘਰਾਂ ‘ਤੇ ਟੈਕਸ (EMPTY HOMES TAX)

2021 ਟੈਕਸ ਸਾਲ ਐਲਾਨ

## ਤੁਹਾਡਾ ਐਲਾਨ ਜਮ੍ਹਾਂ ਕਰਨ ਲਈ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ

ਕਰਿਪਾ ਕਰਕੇ ਹੇਠਾਂ ਦਤਿੀ ਸਾਰਣੀ ਦੀ ਸਮੀਖਿਆ ਕਰੋ ਅਤੇ ਯਕੀਨੀ ਬਣਾਓ ਕ ਿਆਪਣੀ ਪ੍ਰਾਪਰਟੀ ਦੀ ਸਥਤਿੀ ਦਾ ਐਲਾਨ ਕਰਦੇ ਸਮੇਂ ਤੁਹਾਡੇ ਕੋਲ ਸਾਰੀ ਲੋੜੀਂਦੀ ਜਾਣਕਾਰੀ ਹੈ।

ਸਰਿਫ ਪ੍ਰਾਪਰਟੀ ਦੀਆਂ ਹੇਠਾਂ ਦਤਿੀਆਂ ਸਥਤਿੀਆਂ ਦੇ ਤਹਤਿ ਆਉਣ ਵਾਲੀਆਂ ਪ੍ਰਾਪਰਟੀਆਂ ਦੇ ਮਾਲਕਾਂ ਨੂੰ ਹੀ ਐਲਾਨ ਕਰਦੇ ਸਮੇਂ ਵਾਧੂ ਜਾਣਕਾਰੀ ਦੇਣ ਦੀ ਲੋੜ ਹੈ:

| 2021 ਵਿੱਚ ਪ੍ਰਾਪਰਟੀ ਦੀ ਸਥਿਤੀ | ਐਲਾਨ ਕਰਦੇ ਸਮੇਂ ਲੋੜੀਂਦੀ ਜਾਣਕਾਰੀ |
|---|---|
| ਪ੍ਰਾਪਰਟੀ ਨੂੰ ਲਗਾਤਾਰ 30 ਜਾਂ ਵੱਧ ਦਿਨਾਂ ਦੀਆਂ ਮਿਆਦਾਂ ਵਿੱਚ, ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਕਿਰਾਏ 'ਤੇ ਦਿੱਤਾ ਗਿਆ ਸੀ। | • ਹਰੇਕ ਕਿਰਾਏਦਾਰੀ ਇਕਰਾਰਨਾਮੇ ਵਿੱਚ ਦਿੱਤੇ ਕਿਰਾਏਦਾਰ(ਕਿਰਾਏਦਾਰਾਂ) ਦਾ ਪੂਰਾ ਨਾਮ |
| ਪ੍ਰਾਪਰਟੀ ਸਾਲ ਦੇ ਇੱਕ ਹਿੱਸੇ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਕਿਰਾਏ 'ਤੇ ਦਿੱਤੀ ਗਈ ਸੀ ਅਤੇ ਸਾਲ ਦੇ ਇੱਕ ਹੋਰ ਹਿੱਸੇ ਲਈ ਮੁੜ-ਵਿਕਾਸ ਜਾਂ ਨਵੀਨੀਕਰਣ ਛੋਟ ਦੇ ਅਧੀਨ ਖਾਲੀ ਸੀ। ਕੁੱਲ ਮਿਲਾ ਕੇ, ਕਿਰਾਏਦਾਰੀ ਅਤੇ ਮੁੜ-ਵਿਕਾਸ ਜਾਂ ਨਵੀਨੀਕਰਣ ਦੀ ਮਿਆਦ ਸਾਲ ਵਿੱਚ ਛੇ ਮਹੀਨੇ ਜਾਂ ਇਸ ਤੋਂ ਵੱਧ ਦੇ ਬਰਾਬਰ ਹੈ। | • ਬਿਲਡਿੰਗ ਜਾਂ ਡਿਵੈਲਪਮੈਂਟ ਪਰਮਿਟ/ਅਰਜ਼ੀ ਨੰਬਰ ਅਤੇ ਉਸਾਰੀ ਪ੍ਰੋਜੈਕਟ ਦਾ ਸੰਖੇਪ ਵੇਰਵਾ ਅਤੇ<br>• ਹਰੇਕ ਕਿਰਾਏਦਾਰੀ ਇਕਰਾਰਨਾਮੇ ਵਿੱਚ ਦਿੱਤੇ ਕਿਰਾਏਦਾਰ(ਕਿਰਾਏਦਾਰਾਂ) ਦਾ ਪੂਰਾ ਨਾਮ |
| ਪ੍ਰਾਪਰਟੀ ਨੂੰ ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ, ਕਿਸੇ ਪਰਿਵਾਰ ਦੇ ਮੈਂਬਰ, ਦੋਸਤ ਜਾਂ ਇਜਾਜ਼ਤ ਦਿੱਤੇ ਗਏ ਕਾਬਜ਼ਦਾਰ ਦੁਆਰਾ ਮੁੱਖ ਰਿਹਾਇਸ਼ ਦੇ ਵਜੋਂ ਵਰਤਿਆ ਗਿਆ ਸੀ। | • ਉਸ ਪਰਿਵਾਰ ਦੇ ਮੈਂਬਰ ਜਾਂ ਦੋਸਤ ਦਾ ਪੂਰਾ ਨਾਮ ਅਤੇ ਫੋਨ ਨੰਬਰ ਜੋ ਪ੍ਰਾਪਰਟੀ ਵਿੱਚ ਰਹਿੰਦਾ ਸੀ |
| ਤੁਹਾਡੀ ਮੁੱਖ ਰਿਹਾਇਸ਼ ਗ੍ਰੇਟਰ ਵੈਨਕੂਵਰ ਦੇ ਬਾਹਰ ਸੀ ਪਰ ਤੁਸੀਂ ਘੱਟੋ-ਘੱਟ ਛੇ ਮਹੀਨਿਆਂ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਆਪਣੀ ਪ੍ਰਾਪਰਟੀ ਵਿੱਚ ਰਹੇ ਸੀ ਕਿਉਂਕਿ ਤੁਸੀਂ ਗ੍ਰੇਟਰ ਵੈਨਕੂਵਰ ਵਿੱਚ ਫੁੱਲ ਟਾਈਮ ਦੀ ਨੌਕਰੀ ਕਰ ਰਹੇ ਸੀ। ਇਹ ਜ਼ਰੂਰੀ ਹੈ ਕਿ ਨੌਕਰੀ ਦੀ ਪ੍ਰਕਿਰਤੀ ਦੇ ਕਾਰਨ ਤੁਹਾਡੇ ਗ੍ਰੇਟਰ ਵੈਨਕੂਵਰ ਵਿੱਚ ਮੌਜੂਦ ਰਹਿਣ ਦੀ ਲੋੜ ਹੋਵੇ। | • ਤੁਹਾਡੇ ਰੁਜ਼ਗਾਰਦਾਤਾ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪ੍ਰਾਪਰਟੀ ਦਾ ਜਾਂ ਤਾਂ:<br>• ਪੁਨਰ-ਵਿਕਾਸ ਹੋ ਰਿਹਾ ਹੈ ਜਾਂ ਮੁੱਖ ਸੁਧਾਰ ਹੋ ਰਹੇ ਹਨ ਜਿੱਥੇ ਪਰਮਿਟ ਜਾਰੀ ਕੀਤੇ ਗਏ ਹਨ, ਜਾਂ<br>• ਜ਼ਮੀਨਾਂ ਖਾਲੀ ਹਨ, ਵਿਰਾਸਤੀ ਸੰਪਤੀ ਹਨ ਜਾਂ ਪੜਾਅ ਵਾਰ ਵਿਕਾਸ ਦਾ ਹਿੱਸਾ ਹਨ ਜਿਨ੍ਹਾਂ ਲਈ ਦਰਖਾਸਤਾਂ ਸਮੀਖਿਆ ਅਧੀਨ ਹਨ। | • ਬਿਲਡਿੰਗ ਜਾਂ ਵਿਕਾਸ ਦਾ ਪਰਮਿਟ/ਐਪਲੀਕੇਸ਼ਨ ਨੰਬਰ<br>• ਉਸਾਰੀ ਪ੍ਰੋਜੈਕਟ ਦਾ ਸੰਖੇਪ ਵਿਵਰਣ |
| ਛੇ ਮਹੀਨਿਆਂ ਤੋਂ ਵੱਧ ਸਮੇਂ ਲਈ ਪ੍ਰਾਪਰਟੀ ਵਿੱਚ ਕੋਈ ਨਹੀਂ ਰਹਿੰਦਾ ਸੀ ਕਿਉਂਕਿ ਸਾਰੇ ਕਾਬਜ਼ ਕਿਸੇ ਹਸਪਤਾਲ, ਲੰਮੀ-ਮਿਆਦ ਦੀ ਜਾਂ ਸਹਾਇਕ ਦੇਖਭਾਲ ਸਹੂਲਤ ਵਿੱਚ ਰਹਿ ਰਹੇ ਸਨ ਅਤੇ ਇਸ ਤੋਂ ਪਹਿਲਾਂ ਪ੍ਰਾਪਰਟੀ ਨੂੰ ਮੁੱਖ ਰਿਹਾਇਸ਼ ਦੇ ਵਜੋਂ ਵਰਤ ਰਹੇ ਸਨ ਜਾਂ ਇੱਕ ਕਿਰਾਏਦਾਰ ਵਜੋਂ ਰਿਹਾਇਸ਼ੀ ਉਦੇਸ਼ਾਂ ਲਈ ਇਸ ਵਿੱਚ ਰਹਿ ਰਹੇ ਸਨ। | • ਦੇਖਭਾਲ ਪ੍ਰਾਪਤ ਕਰ ਰਹੇ ਵਿਅਕਤੀ ਦਾ ਨਾਮ<br>• ਡਾਕਟਰੀ ਸਹੂਲਤ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪ੍ਰਾਪਰਟੀ ਕਿਸੇ ਅਦਾਲਤੀ ਹੁਕਮ, ਅਦਾਲਤੀ ਕਾਰਵਾਈਆਂ, ਜਾਂ ਇਸ ਅੰਦਰ ਰਹਿਣ ਤੋਂ ਮਨ੍ਹਾਂ ਕਰਨ ਵਾਲੇ ਕਿਸੇ ਸਰਕਾਰੀ ਆਦੇਸ਼ ਦੇ ਅਧੀਨ ਸੀ ਅਤੇ ਇਸ ਵਿੱਚ ਰਹਿਣ ਦੀ ਇਜਾਜ਼ਤ ਦੇਣ ਵਾਲੀਆਂ ਕਾਰਵਾਈਆਂ ਆਦੇਸ਼ ਵਿੱਚ ਦਿੱਤੀਆਂ ਕਿਸੇ ਵੀ ਸਮਾਂ ਸੀਮਾਵਾਂ ਦੇ ਅਨੁਸਾਰ ਲਗਨ ਨਾਲ ਅਤੇ ਬਿਨਾਂ ਕਿਸੇ ਦੇਰੀ ਦੇ ਕੀਤੀਆਂ ਗਈਆਂ ਸਨ। | • ਅਦਾਲਤ ਦੀ ਫਾਈਲ/ਆਦੇਸ਼ ਦਾ ਨੰਬਰ |

ਤੁਹਾਡੇ ਵੱਲੋਂ ਐਲਾਨ ਜਮ੍ਹਾਂ ਕਰਨ ਦੇ ਬਾਅਦ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ ਜਸਿ ਵਚਿ ਹੇਠਾਂ ਦਤਿੇ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਤਿ ਨਹੀਂ ਹਨ:

- ICBC ਵਾਹਨ ਬੀਮਾ ਅਤੇ ਰਜਸਿਟ੍ਰੇਸ਼ਨ
- ਸਰਕਾਰ ਦੁਆਰਾ ਜਾਰੀ ਨਜਿੀ ਪਛਾਣ ਦਾ ਸਬੂਤ, ਜਸਿ ਵਚਿ ਡ੍ਰਾਈਵਰ ਦਾ ਲਾਇਸੈਂਸ, BCID ਕਾਰਡ, ਬ੍ਰਟਿਸ਼ਿ ਕੋਲੰਬੀਆ ਸਰਵਸਿਜ਼ਿ ਕਾਰਡ ਸ਼ਾਮਲ ਹਨ
- ਇਨਕਮ ਟੈਕਸ ਦੇ ਰਟਿਰਨ ਅਤੇ ਮੁਲਾਂਕਣ ਦੇ ਨੋਟਸਿ, ਕਰਿਾਏ ਤੋਂ ਆਮਦਨ ਦੀਆਂ ਅਨੁਸੂਚੀਆਂ ਸਮੇਤ
- ਰੁਜ਼ਗਾਰ ਦੇ ਇਕਰਾਰਨਾਮੇ, ਤਨਖਾਹ ਦੀਆਂ ਸਟੇਟਮੈਂਟਾਂ ਜਾਂ ਰੁਜ਼ਗਾਰ ਦੇ ਰਕਿਾਰਡ
- ਘਰ ਦੇ ਮਾਲਕ ਦੀ ਬੀਮਾ ਪਾਲਸਿੀ
- ਕਰਿਾਏਦਾਰੀ ਇਕਰਾਰਨਾਮਾ(ਇਕਰਾਰਨਾਮੇ)
- ਬੈਂਕ ਸਟੇਟਮੈਂਟਾਂ

©2021 City of Vancouver 21-175 | Punjabi